**ਅਕਾਦਮਿਕ ਸਾਲ (2021-22)**

**ਟਰਮ-1**

**ਸ਼੍ਰੇਣੀ-ਪੰਜਵੀਂ**

**ਵਿਸ਼ਾ:-ਵਾਤਾਵਰਨ ਸਿੱਖਿਆ**

**ਮਾਡਲ ਟੈਸਟ ਪੇਪਰ**

**ਪ੍ਰਸ਼ਨ 21 ਤੋਂ 40 ਤੱਕ ਬਹੁ ਵਿਕਲਪੀ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦੇ ਚਾਰ ਉੱਤਰ ਦਿੱਤੇ ਗਏ ਹਨ। ਸਹੀ ਉੱਤਰ ਅੱਗੇ ਸਹੀ ਦਾ ਨਿਸ਼ਾਨ ਲਗਾਓ।**

21. ਅੱਜ ਕਲ੍ਹ ਸਾਂਝੇ ਪਰਿਵਾਰ ਪਰਿਵਾਰਾਂ ਦੀ ਰਿਵਾਇਤ ਘਟਦੀ ਜਾ ਰਹੀ ਹੈ। ਇਸਦੀ ਮੁੱਖ ਵਜ੍ਹਾ ਹੈ:-

a) ਪਰਿਵਾਰ ਵਿੱਚ ਲੜਾਈ ਝਗੜੇ ਹੁੰਦੇ ਹਨ।

b) ਬਜ਼ੁਰਗਾਂ ਦੀ ਸੰਗਤ ਦੀ ਵਿੱਚ ਬੱਚੇ ਵਿਗੜਦੇ ਹਨ।

c) ਪਰਿਵਾਰ ਛੋਟੇ ਹੋਏ ਹਨ ਅਤੇ ਲੋਕ ਰੁਜਗਾਰ ਤੇ ਵਧ ਸਹੂਲਤਾਂ ਲਈ ਸ਼ਹਿਰਾਂ ਵਿੱਚ ਵਸਣ ਲੱਗੇ ਹਨ।

d) ਉਪਰੋਕਤ ਵਿੱਚੋਂ ਕੋਈ ਨਹੀਂ ।

22. ਪੰਜਾਬ ਵਿੱਚ 2020 ਵਿੱਚ ਪ੍ਰਵਾਸੀਆਂ ਦੀ ਗਿਣਤੀ ਵਧੀ ਹੈ। ਹੇਠ ਦਿੱਤੀ ਸਾਰਨੀ ਵਿੱਚ ਪ੍ਰਵਾਸ ਦੇ ਵੱਖ-ਵੱਖ ਕਾਰਨਾਂ ਅਤੇ ਪਰਵਾਸੀਆਂ ਦੀ ਗਿਣਤੀ ਦਾ ਵੇਰਵਾ ਦਿੱਤਾ ਹੈ। ਦਿੱਤੀ ਗਈ ਸਾਰਨੀ ਅਨੁਸਾਰ ਕਿਹੜਾ ਵਿਕਲਪ ਸਹੀ ਹੈ?




a) ਕੁਦਰਤੀ ਆਫਤਾਂ - 32 ਲੱਖ

b) ਰੁਜ਼ਗਾਰ ਉਪਲੱਬਧਤਾਂ- 13 ਲੱਖ

c) ਤਬਾਦਲਾ - 10 ਲੱਖ

d) ਤਬਾਦਲਾ- 10 ਲੱਖ

23. ਤੁਹਾਡੀ ਜਮਾਤ ਵਿੱਚ ਇਕ ਨੇਤਰਹੀਨ ਬੱਚਾ ਦਾਖ਼ਲ ਹੋਇਆ ਹੈ। ਤੁਸੀਂ ਉਸ ਦੀ ਪੜ੍ਹਨ ਵਿੱਚ ਕਿਵੇਂ ਮਦਦ ਕਰੋਗੇ?

a) ੳ) ਉਸ ਨੂੰ ਸਭ ਤੋਂ ਅੱਗੇ ਵਾਲੇ ਡੈਸਕ ਉੱਤੇ ਬੈਠਣ ਲਈ ਪ੍ਰੇਰਿਤ ਕਰਾਂਗੇ।

b) ਉਸ ਨੂੰ ਸਕੂਲ ਨਾ ਆਉਣ ਲਈ ਕਹਾਂਗੇ।

c) ਉਸ ਨੂੰ ਸਿਰਫ ਸੁਣ ਕੇ ਪੜ੍ਹਨ ਲਈ ਕਹਾਂਗੇ।

d) ਬਰੇਲ ਲਿਪੀ ਦੀ ਮੱਦਦ ਨਾਲ ਪੜ੍ਹਨ ਲਈ ਪ੍ਰੇਰਿਤ ਕਰਾਂਗੇ।

24. ਕੱਦ ਅਤੇ ਭਾਰ ਮਾਪਣ ਲਈ ਮਿਆਰੀ ਇਕਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਸੰਬੰਧੀ ਕਿਹੜਾ ਕਥਨ ਸਹੀ ਹੈ?

a) ਕੱਦ ਸੈਂਟੀਮੀਟਰਾਂ ਵਿੱਚ ਅਤੇ ਭਾਰ ਇੰਚਾਂ ਵਿੱਚ ਮਾਪਿਆ ਜਾਂਦਾ ਹੈ।

b) ਕੱਦ ਸੈਂਟੀਮੀਟਰਾਂ ਵਿੱਚ ਅਤੇ ਭਾਰ ਕਿਲੋਗ੍ਰਾਮ ਵਿੱਚ ਮਾਪਿਆ ਜਾਂਦਾ ਹੈ।

c) ਕੱਦ ਕਿਲੋਗ੍ਰਾਮ ਵਿੱਚ ਅਤੇ ਭਾਰ ਸੈਂਟੀਮੀਟਰਾਂ ਵਿੱਚ ਮਾਪਿਆ ਜਾਂਦਾ ਹੈ।

d) ਕੱਦ ਇੰਚਾਂ ਵਿੱਚ ਅਤੇ ਭਾਰ ਸੈਂਟੀਮੀਟਰਾਂ ਵਿੱਚ ਮਾਪਿਆ ਜਾਂਦਾ ਹੈ।

25. ਹੇਠ ਦਿੱਤੀਆਂ ਵਿੱਚੋਂ ਕਿਹੜੀ ਤਸਵੀਰ ਤੈਰਾਕੀ ਨੂੰ ਦਰਸਾਉਂਦੀ ਹੈ?



(a) (b) (c) (d)

26. ਖੇਡਾਂ ਸਾਨੂੰ ਬਹੁਤ ਕੁਝ ਸਿਖਾਉਂਦੀਆਂ ਹਨ। ਟੀਮ ਵਿੱਚ ਖੇਡਣ ਨਾਲ ਅਸੀਂ ਕੀ ਸਿੱਖਦੇ ਹਾਂ?

a) ਮਿਲਵਰਤਨ ਸਹਿਯੋਗ ਅਤੇ ਤਾਲਮੇਲ ।

b) ਨਫ਼ਤਰ ਅਤੇ ਈਰਖਾ ।

c) ਗਾਲ੍ਹਾਂ ਕੱਢਣੀਆਂ ਤੇ ਗਲਤ ਬੋਲਣਾ ।

d) ਲੜਾਈ ਕਰਨਾ ।

27. ਅਸੀਂ ਜਾਣਦੇ ਹਾਂ ਕਿ ਭਾਰਤ ਵਿੱਚ ਵੱਖ-ਵੱਖ ਤਿਉਹਾਰ ਅਤੇ ਮੇਲੇ ਮਨਾਏ ਜਾਂਦੇ ਹਨ। ਸਮੇਂ ਦੇ ਬਦਲਣ ਨਾਲ ਇਨ੍ਹਾਂ ਵਿੱਚ ਕੀ ਫ਼ਰਕ ਆਇਆ ਹੈ?

a) ਮੇਲਿਆਂ ਵਿੱਚ ਬਾਜ਼ੀਗਰਾਂ ਵੱਲੋਂ ਬਾਜ਼ੀ ਪਾਉਣ ਦਾ ਰਿਵਾਜ ਵਧ ਗਿਆ ਹੈ।

b) ਮੇਲਿਆਂ ਵਿੱਚ ਅੱਜ-ਕੱਲ੍ਹ ਸਿਰਫ ਔਰਤਾਂ ਹੀ ਜਾਂਦੀਆਂ ਹਨ।

c) ਖਾਣ-ਪੀਣ ਦੀਆਂ ਨਵੀਆਂ ਵਸਤੂਆਂ ਦੀਆਂ ਸਟਾਲਾਂ ਵੀ ਮੇਲਿਆਂ ਵਿੱਚ ਲੱਗਦੀਆਂ ਹਨ।

d) ਮੇਲਿਆਂ ਵਿੱਚ ਸਿਰਫ਼ ਰਵਾਇਤੀ ਖਾਣਾ ਹੀ ਖਾਣ ਨੂੰ ਮਿਲਦਾ ਹੈ।

28. ਹੇਠ ਦਿੱਤੀਆਂ ਵਿੱਚੋਂ ਕਿਹੜਾ ਕਥਨ ਬਾਘ ਦੇ ਗੁਣਾਂ ਨੂੰ ਨਹੀਂ ਦਰਸਾਉਂਦਾ?

a) ਬਾਘ ਆਪਣੇ ਇਲਾਕੇ ਵਿੱਚ ਆਪਣੇ ਮੂਤਰ ਦੀ ਗੱਧ ਛੱਡਦਾ ਹੈ ।

b) ਬਾਘ ਦੀ ਆਵਾਜ਼ ਨੂੰ ਲਗਪਗ ਚਾਰ ਕਿਲੋਮੀਟਰ ਤੱਕ ਸੁਣਿਆ ਜਾ ਸਕਦਾ ਹੈ ।

c) ਬਾਘ ਹਨ੍ਹੇਰੇ ਵਿੱਚ ਸਾਡੇ ਨਾਲੋਂ ਛੇ ਗੁਣਾ ਜ਼ਿਆਦਾ ਦੇਖ ਸਕਦਾ ਹੈ ।

d) ਉਪਰੋਕਤ ਸਾਰੇ ।

29. ਬਿੱਲੀਆਂ ਦੀ ਸੁੰਘਣ ਸ਼ਕਤੀ ਤਾਂ ਕਮਾਲ ਦੀ ਹੁੰਦੀ ਹੈ । ਪਰ ਬਿੱਲੀਆਂ ਨੂੰ ........ ਸੁਆਦ ਮਹਿਸੂਸ ਨਹੀਂ ਹੁੰਦਾ ।

a) ਮਿੱਠਾ b) ਖੱਟਾ c) ਮਿੱਠਾ ਅਤੇ ਖੱਟਾ ਦੋਵੇਂ d) ਕੋੜਾ

30. ਮਨੁੱਖ ਰੋਜ਼ੀ-ਰੋਟੀ ਕਮਾਉਣ ਲਈ ਜੰਤੂਆਂ ਦੀ ਵਰਤੋਂ ਕਰਦਾ ਹੈ । ਹੇਠ ਲਿਖੀਆਂ ਵਿੱਚੋਂ ਜੰਤੂਆਂ ਦਾ ਕਿਹੜਾ ਜੁੱਟ ਇਸ ਪੱਖੋਂ ਸਹੀ ਹੈ?

a) ਬਾਂਦਰ, ਸੱਪ, ਚਮਗਿੱਦੜ ।

b) ਬਿੱਲੀ, ਸੱਪ, ਚਮਗਿੱਦੜ ।

c) ਘੋੜਾ, ਬਾਂਦਰ, ਬਿੱਲੀ ।

d) ਬਾਂਦਰ, ਹਾਥੀ, ਸੱਪ, ।

31. ਹੇਠ ਦਿੱਤੇ ਦਿੱਤੀਆਂ ਵਿੱਚੋਂ ਕਿਹੜੇ ਜਾਨਵਰਾਂ 'ਤੇ ਮਨੁੱਖ ਕੇਵਲ ਉੱਨ ਲਈ ਨਿਰਭਰ ਕਰਦਾ ਹੈ?

a) ਭੇਡ ਅਤੇ ਬੱਕਰੀ b) ਖਰਗੋਸ਼ c) ਊਠ d) ਇਨ੍ਹਾਂ ਵਿੱਚੋਂ ਕੋਈ ਨਹੀਂ

32. ਤੁਸੀਂ ਕਈ ਵਾਰ ਇਮਾਰਤਾਂ ਦੀਆਂ ਛੱਤਾਂ 'ਤੇ ਪੌਦੇ ਉੱਗੇ ਵੇਖੇ ਹੋਣਗੇ, ਦੱਸੋ ਇਹਨਾਂ ਦੇ ਬੀਜ ਛੱਤਾਂ ਤੱਕ ਕਿਵੇਂ ਪਹੁੰਚੇ?

a) ਵਰਖਾ ਦੇ ਪਾਣੀ ਰਾਹੀਂ ।

b) ਜੰਗਲੀ ਜਾਨਵਰਾਂ ਕਰਕੇ ।

c) ਪੰਛੀਆਂ ਦੇ ਪੈਰਾਂ ਨਾਲ ਅਤੇ ਖਾਣ ਤੋਂ ਬਾਅਦ ਬਚੇ ਬੀਜਾਂ ਕਰਕੇ ।

d) ਕਿਸੇ ਨੇ ਜ਼ਰੂਰੀ ਹੀ ਬੀਜ ਹੋਣੇ ਹਨ ।

33. ਪੌਦੇ ਦੇ ਵੱਖ-ਵੱਖ ਭਾਗਾਂ ਤੋਂ ਨਵੇਂ ਪੌਦੇ ਉਗਾਏ ਜਾਂਦੇ ਹਨ । ਇਸ ਸਬੰਧੀ ਕਿਹੜਾ ਜੋੜਾ ਗ਼ਲਤ ਹੈ:-

a) ਆਲੂ-ਤਣਾ

b) ਪੁਦੀਨਾ- ਜੜ੍ਹ

c) ਪੱਥਰ ਚੱਟ-ਪੱਤਾ

d) ਗੁਲਾਬ ਦਾ ਪੌਦਾ-ਬੀਜ

34. ਆਦਿ-ਵਾਸੀ ਜਾਤੀਆਂ ਦੇ ਲੋਕ ਜੰਗਲੀ ਖੇਤਰਾਂ ਵਿੱਚ ਰਹਿੰਦੇ ਹਨ । ਇਹ ਲੋਕ ਪੈਸੇ ਕਮਾਉਣ ਲਈ ਕਿਹੜੀਆਂ ਵਸਤੂਆਂ ਦਾ ਵਪਾਰ ਕਰਦੇ ਹਨ?

a) ਗੱਤੇ ਦੇ ਡੱਬੇ ਤਿਆਰ ਕਰਦੇ ਹਨ ।

b) ਬੀਜ, ਗਿਰੀਆਂ, ਗੂੰਦ ਅਤੇ ਸ਼ਹੀਦ ਆਦਿ ਦਾ ਵਪਾਰ ਕਰਦੇ ਹਨ ।

c) ਜੰਗਲੀ ਜੀਵਾਂ ਤੋਂ ਬਚਾਅ ਵਾਲੇ ਹਥਿਆਰਾਂ ਦੀ ਵਿਕਰੀ ਕਰਦੇ ਹਨ ।

d) ਲੱਕੜੀ ਤੋਂ ਕਾਗਜ਼ ਬਣਾ ਕੇ ਵੇਚਦੇ ਹਨ ।

35. ਹੇਠ ਦਿੱਤੀਆਂ ਵਿੱਚੋਂ ਸਫੈਦੇ ਦੀ ਕਿਹੜੀ ਵਿਸ਼ੇਸ਼ਤਾ ਸਾਡੇ ਲਈ ਨੁਕਸਾਨਦਾਇਕ ਹੈ।

a) ਸਫੈਦਾ ਬਹੁਤ ਤੇਜ਼ੀ ਨਾਲ ਵਧਦਾ ਹੈ ।

b) ਇਸ ਤੇ ਤਣੇ ਦਾ ਰੰਗ ਸਫ਼ੈਦ ਹੁੰਦਾ ਹੈ ।

c) ਇਹ ਪੌਦਾ ਵਧਣ ਫੁੱਲਣ ਲਈ ਬਹੁਤ ਸਾਰੇ ਪਾਣੀ ਦੀ ਵਰਤੋਂ ਕਰਦਾ ਹੈ ।

d) ਆਪਣੇ ਮੂਲ ਰੂਪ ਵਿੱਚ ਆਸਟ੍ਰੇਲੀਆ ਦਾ ਪੌਦਾ ਹੈ ।

36. ਛੁੱਟੀ ਵਾਲੇ ਦਿਨ ਹਰਪ੍ਰੀਤ ਦੀ ਮੰਮੀ ਨੇ ਫਲਾਂ ਦਾ ਸੂਪ, ਔਲੇ ਦਾ ਮੁਰੱਬਾ ਅਤੇ ਪੂਰੀਆਂ-ਛੋਲੇ ਬਣਾਏ। ਇਨ੍ਹਾਂ ਵਿੱਚੋਂ ਕਿਹੜਾ ਭੋਜਨ- ਪਦਾਰਥ ਲੰਬੇ ਸਮੇਂ ਤੱਕ ਖਰਾਬ ਨਹੀਂ ਹੋਵੇਗਾ?

a) ਫਲਾਂ ਦਾ ਸੂਪ

b) ਔਲੇ ਦਾ ਮੁਰੱਬਾ

c) ਪੂੜੀਆਂ

d) ਛੋਲਿਆਂ ਦੀ ਸਬਜ਼ੀ

37. ਗੌਰਵ ਦੇ ਭੂਆ ਜੀ ਨੇ ਫੇਰੀ ਵਾਲੇ ਤੋਂ ਫ਼ਲ / ਸਬਜ਼ੀਆਂ ਖਰੀਦੇ। ਇਹਨਾਂ ਵਿੱਚੋਂ ਕਿਸ ਨੂੰ ਅਚਾਰ ਪਾ ਕੇ ਸੰਭਾਲਿਆ ਨਹੀਂ ਜਾ ਸਕਦਾ?



a.



b.



c.



d.

a) ਸਿਰਫ (d)

b) (a) ਅਤੇ (b) ਦੋਵੇਂ

c) ਸਿਰਫ (a)

d) ਸ) ਸਿਰਫ (c)

38. ਛੋਟੇ ਕਿਸਾਨ ਖੇਤੀ ਕਰਨ ਲਈ ਖੇਤੀਬਾੜੀ ਦੇ ਸਾਰੇ ਸੰਦ ਨਹੀਂ ਖਰੀਦ ਸਕਦੇ। ਤੁਹਾਡੇ ਅਨੁਸਾਰ ਕਿਸਾਨਾਂ ਨੂੰ ਅਜਿਹੇ ਖੇਤੀ ਦੇ ਸੰਦ ਕਿੱਥੋਂ ਲੈਣੇ ਚਾਹੀਦੇ ਹਨ?

a) ਵੱਡੇ ਕਿਸਾਨਾਂ ਤੋਂ ਵਰਤੋਂ ਲਈ ਮੰਗ ਲੈਣੇ ਚਾਹੀਦੇ ਹਨ ।

b) ਕਿਰਾਏ ਉੱਤੇ ਲੈ ਲੈਣੇ ਚਾਹੀਦੇ ਹਨ ।

c) ਕਿਸਾਨਾਂ ਦੀ ਸੁਵਿਧਾ ਲਈ ਬਣੀਆਂ ਸਹਿਕਾਰੀ ਸਭਾਵਾਂ ਤੋਂ ਲੈਣੇ ਚਾਹੀਦੇ ਹਨ ।

d) ਛੋਟੇ ਕਿਸਾਨਾਂ ਨੂੰ ਖੇਤੀਬਾੜੀ ਛੱਡ ਕੇ ਹੋਰ ਧੰਦਾ ਕਰਨਾ ਚਾਹੀਦਾ ਹੈ ।

39. ਫਲਾਂ ਅਤੇ ਸਬਜ਼ੀਆਂ ਤੋਂ ਸਾਨੂੰ ਵੱਖ-ਵੱਖ ਤਰ੍ਹਾਂ ਦੇ ਵਿਟਾਮਿਨ ਮਿਲਦੇ ਹਨ। ਹੇਠ ਦਿੱਤਿਆਂ ਵਿੱਚੋਂ ਕਿਹੜਾ ਵਿਟਾਮਿਨ ਸਾਨੂੰ ਸੂਰਜ ਦੀ ਰੋਸ਼ਨੀ ਤੋਂ ਮਿਲਦਾ ਹੈ?

a) ਵਿਟਾਮਿਨ A

b) ਵਿਟਾਮਿਨ EP

c) ਵਿਟਾਮਿਨ KP

d) ਵਿਟਾਮਿਨ D

40. ਹੇਠ ਦਿੱਤਿਆਂ ਵਿੱਚੋਂ ਕਿਹੜਾ ਪੋਸ਼ਕ ਤੱਤ ਸਰੀਰ ਦੇ ਵਾਧੇ ਅਤੇ ਸਰੀਰ ਵਿੱਚ ਨਵੇਂ ਸੈੱਲਾਂ ਦੇ ਨਿਰਮਾਣ ਲਈ ਜ਼ਰੂਰੀ ਹੈ?

a) ਪਾਣੀ

b) ਪ੍ਰੋਟੀਨ

c) ਵਿਟਾਮਿਨ

d) ਖਣਿਜ ਪਦਾਰਥ